AQA

Please write clearly in block capitals.

Centre number | | | | | |        Candidate number | | | | |

Surname ____________________

Forename(s) ____________________

Candidate signature ____________________
I declare this is my own work.

# GCSE
# PANJABI

# H

## Higher Tier Paper 3 Reading

Time allowed: 1 hour

**Materials**
You will need no other materials.

**Instructions**
- You must **not** use a dictionary.
- Use black ink or black ball-point pen.
- Fill in the boxes at the top of this page.
- Answer **all** questions.
- You must answer the questions in the spaces provided. Do **not** write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- In **Section A**, answer the questions in **English**.
  In **Section B**, answer the questions in **Panjabi**.
  In **Section C**, translate the passage into **English**.
- Do all rough work in this answer book. Cross through any work you do not want to be marked.

**Information**
- The marks for questions are shown in brackets.
- The maximum mark for this paper is 60.

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| 10 | |
| 11 | |
| 12 | |
| **TOTAL** | |

*Do not write outside the box*

## Section A

Questions and answers in **English**

Answer **all** questions in the spaces provided.

**0 1** **A story**

Read the following extract from the short story, 'Bill became sad', by Professor Puran Singh.

ਮੁੰਡੇ ਦੇ ਮਾਤਾ ਪਿਤਾ ਫਿਕਰਮੰਦ ਲਗਦੇ ਸਨ । ਮੁੰਡੇ ਦਾ ਪਿਉ ਕੁੜੀ ਦੇ ਬਾਪ ਨੂੰ ਪਿਛਲੇ ਬਗੀਚੇ ਵਿੱਚ ਲੈ ਗਿਆ ਤੇ ਨੀਵੀਂ ਪਾ ਕੇ ਬੋਲਿਆ, "ਸਰਦਾਰ ਜੀ ਗੁੱਸਾ ਨਾ ਕਰਿਓ । ਨਾ ਮੇਰੇ ਵੱਸ ਹੈ ਨਾ ਤੁਹਾਡੇ । ਸਾਡਾ ਮੁੰਡਾ ਇਸ ਵਿਆਹ ਲਈ ਰਾਜ਼ੀ ਨਹੀਂ !"

"ਪਰ ਕੀ ਤੁਸੀਂ ਉਸ ਨੂੰ ਪਹਿਲਾਂ ਨਹੀਂ ਪੁੱਛਿਆ ਸੀ ?"

"ਸਭ ਕੁਝ ਉਸ ਨੂੰ ਪੁੱਛ ਕੇ ਹੀ ਕੀਤਾ ਸੀ । ਉਸ ਨੇ ਕੁੜੀ ਦੇਖੀ ਸੀ ਅਤੇ ਪਸੰਦ ਵੀ ਕੀਤੀ ਸੀ ਪਰ ਹੁਣ ਸਾਡੇ ਨਾਲ ਲੜੀ ਜਾਂਦਾ ਹੈ । ਕਹਿੰਦਾ ਹੈ ਕਿ ਤੁਸੀਂ ਮੇਰੇ ਨਾਲ ਬੇਈਮਾਨੀ ਕੀਤੀ ਹੈ ।"

"ਕੋਈ ਗੱਲ ਵੀ ਦੱਸੋ, ਕੀ ਬੇਈਮਾਨੀ ਹੋਈ ਹੈ ਉਸ ਨਾਲ ?"

"ਸਰਦਾਰ ਜੀ, ਮੈਨੂੰ ਨਹੀਂ ਪਤਾ ਪਰ ਉਸ ਨੇ ਪਰਸੋਂ ਕੁੜੀ ਨੂੰ ਕਿਸੇ ਹੋਰ ਮੁੰਡੇ ਨਾਲ ਵੇਖ ਲਿਆ ।"

"ਫੇਰ ?"

"ਉਹ ਕਹਿੰਦਾ ਹੈ ਕਿ ਮੈਂ ਇਹ ਵਿਆਹ ਨਹੀਂ ਕਰਾਉਣਾ !"

Write **T** if the statement is **true**.

Write **F** if the statement is **false**.

Write **NT** if the information is **not in the text**.

**0 1 . 1** The boy's parents were quite happy. **[1 mark]**

**0 1 . 2** The boy's father wanted to speak to the girl's father in private. **[1 mark]**

**0 1 . 3** The boy's father could influence his son's decision. **[1 mark]**

**0 1 . 4** The boy's father disclosed his son's decision. **[1 mark]**

**0 1 . 5** The boy didn't want his marriage to take place in the Punjab. **[1 mark]**



G/Jun21/8683/RH

Do not write outside the box

**0 1 . 6** The boy was not consulted before his marriage. [ ] **[1 mark]**

**0 1 . 7** The boy wanted the marriage to go ahead. [ ] **[1 mark]**

7

**Turn over for the next question**

Do not write outside the box

**0 2** **Free-time activities**

You receive this email from your cousin in the Punjab.

ਹੈਲੋ ਛੋਟੇ ਵੀਰ,

ਤੂੰ ਪੁੱਛਿਆ ਸੀ ਕਿ ਮੈਂ ਆਪਣੇ ਵਿਹਲੇ ਸਮੇਂ ਵਿੱਚ ਕੀ ਕਰਦਾ ਹਾਂ। ਪਹਿਲਾਂ ਮੈਂ ਸਕੂਲ ਵਿੱਚ ਕਬੱਡੀ ਖੇਡਦਾ ਸੀ, ਪਰ ਪਿਛਲੇ ਦੋ ਸਾਲਾਂ ਵਿੱਚ ਮੈਂ ਹੌਲੀ ਹੌਲੀ ਖੇਡਣਾ ਬਹੁਤ ਘੱਟ ਕਰ ਦਿੱਤਾ ਹੈ ਕਿਉਂਕਿ ਮੈਂ ਆਪਣੇ ਦਸਵੀਂ ਜਮਾਤ ਦੇ ਇਮਤਿਹਾਨਾਂ ਲਈ ਪੜ੍ਹਾਈ ਕਰ ਰਿਹਾ ਹਾਂ।

ਆਮ ਤੌਰ ਤੇ ਵੀਕਐਂਡ ਤੇ ਮੈਂ ਆਪਣੇ ਦੋਸਤਾਂ ਨਾਲ ਫਿਲਮ ਦੇਖਣ ਜਾਂਦਾ ਹਾਂ। ਅਗਲੇ ਸਨਿੱਚਰਵਾਰ ਨੂੰ ਮੈਂ ਆਪਣੇ ਦੋਸਤਾਂ ਨਾਲ ਨਵੀਂ ਪੰਜਾਬੀ ਫਿਲਮ ਦੇਖਣ ਜਾ ਰਿਹਾ ਹਾਂ। ਉਸ ਤੋਂ ਬਾਅਦ ਅਸੀਂ ਹਵੇਲੀ ਰੈਸਟੋਰੈਂਟ ਵਿੱਚ ਖਾਣਾ ਖਾਣ ਜਾਵਾਂਗੇ।

ਤੇਰਾ ਵੀਰ,

ਹਰਬਿੰਦਰ

Answer the questions in **English**.

**0 2 . 1** What game did Harbinder play in the past?

**[1 mark]**

______________________________

**0 2 . 2** What change has Harbinder made in how he plays sport?

**[1 mark]**

______________________________

**0 2 . 3** What was the reason for the change in the past two years?

**[1 mark]**

______________________________

**0 2 . 4** What is Harbinder doing next weekend? Give **two** details.

**[2 marks]**

1 ______________________________

2 ______________________________

5

Do not write outside the box

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

*Do not write outside the box*

**0 3** **Healthy living**

You read a blog where young people exchange information about how they keep themselves healthy.



Arunveer

ਮੈਂ ਦੌੜਨਾ ਪਸੰਦ ਕਰਦਾ ਹਾਂ ਅਤੇ ਹਰ ਰੋਜ਼ ਇੱਕ ਘੰਟਾ ਪਾਰਕ
ਵਿੱਚ ਨੱਠਣ ਜਾਂਦਾ ਹਾਂ ।



Lakhwinder

ਮੈਂ ਬਾਹਰ ਜਾ ਕੇ ਕੋਈ ਵੀ ਖੇਡ ਨਹੀਂ ਖੇਡਦਾ ਕਿਉਂਕਿ ਮੈਂ
ਪਲੇਅ ਸਟੇਸ਼ਨ ਤੇ ਗੇਮਾਂ ਖੇਡਦਾ ਰਹਿੰਦਾ ਹਾਂ ।



Rajwinder

ਮੈਂ ਰੋਜ਼ਾਨਾ ਅੱਧਾ ਘੰਟਾ ਆਪਣੇ ਪਿਤਾ ਜੀ ਨਾਲ ਟੈਨਿਸ ਖੇਡਦੀ
ਹਾਂ ਅਤੇ ਕਦੇ ਵੀ ਮਾਤਾ ਜੀ ਨਾਲ ਸੈਰ ਕਰਨ ਨਹੀਂ ਜਾਂਦੀ ।



Dilveer

ਮੈਂ ਹਰ ਰੋਜ਼ ਜਿਮ ਜਾ ਕੇ ਇੱਕ ਘੰਟਾ ਕਸਰਤ ਕਰਦਾ ਹਾਂ ਅਤੇ
ਵੀਕਐਂਡ ਤੇ ਆਪਣੇ ਦੋਸਤਾਂ ਨਾਲ ਕ੍ਰਿਕਟ ਖੇਡਦਾ ਹਾਂ ।



Parminder

ਮੈਂ ਉਬਾਲੀਆਂ ਹੋਈਆਂ ਸਬਜ਼ੀਆਂ ਅਤੇ ਫਲ ਖਾਂਦੀ ਹਾਂ ਅਤੇ
ਰਾਤ ਨੂੰ ਗਰਮ ਦੁੱਧ ਦਾ ਇੱਕ ਗਲਾਸ ਪੀਂਦੀ ਹਾਂ ।



Kulwinder

ਮੈਂ ਯੋਗਾ ਕਰਦੀ ਹਾਂ । ਸਰੀਰ ਵਿੱਚ ਲਚਕ ਪੈਦਾ ਕਰਨ ਲਈ
ਯੋਗਾ ਇੱਕ ਹਲਕੀ ਅਤੇ ਫਾਇਦੇਮੰਦ ਕਸਰਤ ਹੈ ।

Do not write outside the box

Write the first letter of the correct name in the box.

Write **A** for Arunveer

Write **D** for Dilveer

Write **K** for Kulwinder

Write **L** for Lakhwinder

Write **P** for Parminder

Write **R** for Rajwinder

**0 3 . 1** Who does gentle exercise? **[1 mark]**

**0 3 . 2** Who does physical activities with family members? **[1 mark]**

**0 3 . 3** Who has a healthy diet? **[1 mark]**

**0 3 . 4** Who does one hour of exercise in the park? **[1 mark]**

**0 3 . 5** Who does physical activities the most? **[1 mark]**

**5**

**Turn over for the next question**

Do not write outside the box

0 4 **Poverty**

You read an article on poverty in a Panjabi magazine.

ਭਾਵੇਂ ਪੰਜਾਬ ਵਿੱਚ ਗਰੀਬੀ ਦੇ ਕਈ ਕਾਰਨ ਹਨ ਪਰ ਉਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਣ ਕਾਰਨ ਵਧ ਰਹੀ ਆਬਾਦੀ ਹੈ। ਜਿਸ ਕਰਕੇ ਪੰਜਾਬ ਸਰਕਾਰ ਲਈ ਮਨੁੱਖ ਦੀਆਂ ਤਿੰਨ ਮੁਢਲੀਆਂ ਲੋੜਾਂ, ਰੋਟੀ ਕੱਪੜਾ ਅਤੇ ਘਰ ਦੇਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੋ ਰਿਹਾ ਹੈ। ਗਰੀਬੀ ਦੇ ਭੈੜੇ ਚੱਕਰ ਦੀ ਸ਼ੁਰੂਆਤ ਸਹੀ ਅਤੇ ਸੰਤੁਲਿਤ ਖਾਣਾ ਨਾ ਮਿਲਣ ਕਰਕੇ ਹੁੰਦੀ ਹੈ, ਜਿਸ ਕਾਰਨ ਆਦਮੀ ਦੀ ਕੰਮ ਕਰਨ ਦੀ ਤਾਕਤ ਘੱਟ ਹੋ ਜਾਂਦੀ ਹੈ। ਜਿਸ ਦਾ ਸਿੱਧਾ ਅਸਰ ਉਸ ਦੀ ਆਮਦਨੀ ਤੇ ਪੈਂਦਾ ਹੈ ਅਤੇ ਹੌਲੀ ਹੌਲੀ ਆਦਮੀ ਗਰੀਬ ਹੋ ਜਾਂਦਾ ਹੈ।

ਗਰੀਬੀ ਕਾਰਨ, ਗਰੀਬ ਆਦਮੀ ਨੇ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਤਾਂ ਕੀ ਦੇਣੀ ਹੈ ਸਗੋਂ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਘਰ ਦੇ ਸਾਰੇ ਜੀਆਂ ਨੂੰ ਰੁਜ਼ਗਾਰ ਤੇ ਲਾਉਣਾ ਪੈਂਦਾ ਹੈ। ਖਾਣਾ, ਘਰ, ਕੱਪੜੇ ਦੇ ਨਾਲ ਨਾਲ ਵਿੱਦਿਆ ਵੀ ਇਹਨਾਂ ਬੱਚਿਆਂ ਦਾ ਮੁਢਲਾ ਹੱਕ ਹੈ। ਸਰਕਾਰੀ ਸਕੂਲਾਂ ਵਿੱਚ ਵਿੱਦਿਆ ਮੁਫ਼ਤ ਹੋਣ ਦੇ ਬਾਵਜੂਦ ਵੀ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਹੀ ਇਹਨਾਂ ਬੱਚਿਆਂ ਦਾ ਬਚਪਨ ਰੁਲ ਜਾਂਦਾ ਹੈ।

Write the correct letter in the box.

0 4 . 1 What is the **main** cause of poverty in the Punjab?

| | |
|---|---|
| **A** | Increased unemployment |
| **B** | Increased population |
| **C** | Increased illiteracy |

**[1 mark]**

0 4 . 2 What does the vicious circle of poverty start with?

| | |
|---|---|
| **A** | Reduced capacity to work |
| **B** | Poor schooling for children |
| **C** | Poor food and nutrition |

**[1 mark]**

*Do not write outside the box*

**0 4 . 3** How do poor families try to get out of poverty?

| | |
|---|---|
| **A** | By working long hours |
| **B** | By making all the family work |
| **C** | By claiming state benefits |

**[1 mark]**

**0 4 . 4** Along with a person's basic needs, what else should they expect as a human right in today's society?

| | |
|---|---|
| **A** | Education |
| **B** | Medicine |
| **C** | Employment |

**[1 mark]**

**0 4 . 5** Which part of a person's life does poverty affect the most?

| | |
|---|---|
| **A** | Adulthood |
| **B** | Adolescence |
| **C** | Childhood |

**[1 mark]**

**5**

**Turn over for the next question**

*Do not write outside the box*

| 0 | 5 |
|---|---|

**At the hotel**

Complete the text using words from the list.

Write the correct letter in each box.

**[4 marks]**

ਹੋਟਲ ਦਾ ਕਮਰਾ ਬਹੁਤ ਸਾਫ-ਸੁਥਰਾ ਸੀ ਅਤੇ ਬਹਿਰੇ ਹਰ ਰੋਜ਼ [ ] ਬਦਲਦੇ ਸਨ। ਖਿੜਕੀ ਵਿੱਚੋਂ ਬਾਹਰ ਰਾਤ ਨੂੰ ਸਾਰਾ ਸ਼ਹਿਰ ਰੋਸ਼ਨੀ ਨਾਲ ਜਗਮਗਾਉਂਦਾ ਬਹੁਤ [ ] ਲਗਦਾ ਸੀ। ਬਹਿਰੇ ਬੜੀ ਫਬਵੀਂ ਪੁਸ਼ਾਕ ਵਾਲੇ ਅਤੇ ਕਾਫੀ ਮਦਦਗਾਰ ਸਨ। ਨਾਸ਼ਤੇ ਵਿੱਚ ਆਮਲੇਟ ਅਤੇ ਕਈ ਹੋਰ ਸੁਆਦੀ ਖਾਣੇ [ ] ਸਨ। ਰਾਤ ਦੇ ਖਾਣੇ ਵਿੱਚ ਮੱਛੀ-ਚਿਪਸ, ਮਟਰ ਪਨੀਰ, ਤੰਦੂਰੀ ਰੋਟੀ, ਨਾਨ ਅਤੇ ਕਈ ਹੋਰ ਕਿਸਮ ਦੇ ਖਾਣੇ ਸਨ। ਸਾਰਾ ਸਟਾਫ ਬਹੁਤ ਹੀ [ ] ਅਤੇ ਖੁਸ਼ਮਿਜ਼ਾਜ ਸੀ।

| | |
|---|---|
| **A** | ਚੁਸਤ |
| **B** | ਦਲੀਆ |
| **C** | ਤੌਲੀਏ |
| **D** | ਖਰਾਬ |
| **E** | ਅਖਬਾਰ |
| **F** | ਸ਼ਾਮਲ |
| **G** | ਠੰਡੀਆਂ |
| **H** | ਸੁਹਣਾ |

4

Do not write outside the box

**0 6** **My village**

Arjun has posted this blog about his village in the Punjab.

ਪਹਿਲਾਂ ਮੇਰੇ ਪਿੰਡ ਦੇ ਲੋਕ ਖੇਤੀ-ਬਾੜੀ ਨਾਲ ਸੰਬੰਧਿਤ ਸਾਰੇ ਕੰਮ ਆਪਣੇ ਹੱਥੀਂ ਕਰਦੇ ਸਨ ਪਰ ਅੱਜ ਕੱਲ੍ਹ ਉਹ ਸਾਰੇ ਕੰਮ ਮਸ਼ੀਨਾਂ ਨਾਲ ਕਰਦੇ ਹਨ। ਹੁਣ ਮੇਰੇ ਪਿੰਡ ਦੇ ਲੋਕਾਂ ਅਤੇ ਸ਼ਹਿਰ ਦੇ ਲੋਕਾਂ ਦੀ ਰਹਿਣੀ-ਬਹਿਣੀ ਵਿੱਚ ਕੋਈ ਫਰਕ ਨਹੀਂ ਕਿਉਂਕਿ ਉਹ ਵੀ ਹੁਣ ਸ਼ਹਿਰੀਆਂ ਵਾਂਗੂ ਅਰਾਮਦੇਹ ਜੀਵਨ ਬਤੀਤ ਕਰਦੇ ਹਨ।

ਮੇਰੇ ਪਿੰਡ ਦੇ ਲੋਕ ਕਿਸੇ ਦੀ ਧੀ-ਭੈਣ ਨੂੰ ਆਪਣੀ ਧੀ-ਭੈਣ ਵਾਂਗ ਹੀ ਸਮਝਦੇ ਹਨ ਅਤੇ ਇੱਕ ਦੂਜੇ ਨਾਲ ਆਪਣਾ ਦੁੱਖ-ਸੁਖ ਸਾਂਝਾ ਕਰਦੇ ਹਨ।

ਪਹਿਲਾਂ ਭਾਵੇਂ ਮੇਰੇ ਪਿੰਡ ਵਿੱਚ ਸਾਫ ਹਵਾ ਸੀ, ਰਾਤਾਂ ਨੂੰ ਅਸਮਾਨ ਵਿੱਚ ਤਾਰੇ ਸਾਫ ਨਜ਼ਰ ਆਉਂਦੇ ਸਨ ਅਤੇ ਇਹ ਸ਼ਹਿਰ ਦੀ ਭੀੜ ਅਤੇ ਕਾਰਾਂ ਮੋਟਰਾਂ ਦੀ ਆਵਾਜਾਈ ਤੋਂ ਕਾਫੀ ਦੂਰ ਸੀ। ਹੁਣ ਸ਼ਹਿਰ ਦੀ ਅਬਾਦੀ ਵਧਣ ਕਰਕੇ ਮੇਰਾ ਪਿੰਡ ਵੀ ਲਾਗਲੇ ਸ਼ਹਿਰ ਨਾਲ ਹੀ ਜਾ ਰਲਿਆ ਹੈ।

ਅਰਜੁਨ

Answer the following questions in **English**.

**0 6 . 1** How does the lifestyle of the people from Arjun's village compare with people who live in the city?

**[1 mark]**

___

___

**0 6 . 2** Give **one** reason why village people live in harmony?

**[1 mark]**

___

___

**0 6 . 3** Why do both Arjun's village and the nearby city have the same level of pollution? Give **one** reason.

**[1 mark]**

___

___

3

**Turn over ▶**

Do not write outside the box

**0 7** **Part-time work**

You read a blog where Panjabi students are discussing their views about part-time work.

**Kuljeet**

ਪੜ੍ਹਾਈ ਦੇ ਨਾਲ ਨਾਲ ਪਾਰਟ-ਟਾਈਮ ਕੰਮ ਕਰਨ ਨਾਲ ਕੰਮ ਦਾ ਤਜਰਬਾ ਪ੍ਰਾਪਤ ਹੁੰਦਾ ਹੈ ਅਤੇ ਭਵਿੱਖ ਵਿੱਚ ਨੌਕਰੀ ਮਿਲਣੀ ਵੀ ਆਸਾਨ ਹੋ ਜਾਂਦੀ ਹੈ। ਕਈ ਵਾਰੀ ਜਿਹੜੇ ਵਿਦਿਆਰਥੀ ਆਪਣੇ ਸਮੇਂ ਦੀ ਸਹੀ ਵਰਤੋਂ ਨਹੀਂ ਕਰਦੇ, ਉਨ੍ਹਾਂ ਨੂੰ ਸਕੂਲ ਤੋਂ ਬਾਅਦ ਦੀਆਂ ਕਿਰਿਆਵਾਂ ਵਿੱਚ ਹਿੱਸਾ ਲੈਣ ਦਾ ਸਮਾਂ ਨਹੀਂ ਮਿਲਦਾ।

**Ravinder**

ਆਮ ਤੌਰ ਤੇ ਜਿਹੜੇ ਵਿਦਿਆਰਥੀ ਕੰਮ ਨਹੀਂ ਕਰਦੇ, ਉਹ ਪੈਸੇ ਦੀ ਕਦਰ ਕਰਨਾ ਨਹੀਂ ਜਾਣਦੇ ਅਤੇ ਪੈਸੇ ਖਰਚ ਕਰਨ ਲੱਗਿਆਂ ਬਿਲਕੁਲ ਨਹੀਂ ਸੋਚਦੇ। ਪਾਰਟ-ਟਾਈਮ ਕੰਮ ਕਰਨ ਨਾਲ ਉਨ੍ਹਾਂ ਨੂੰ ਇਹ ਪਤਾ ਲਗਦਾ ਹੈ ਕਿ ਪੈਸੇ ਕਮਾਉਣਾ ਕਿੰਨਾ ਔਖਾ ਹੈ ਅਤੇ ਫਿਰ ਉਹ ਖਰਚ ਬੜੇ ਹਿਸਾਬ ਨਾਲ ਕਰਦੇ ਹਨ। ਕੰਮ ਦੇ ਮਾਲਕ ਕਈ ਵਾਰੀ ਪਾਰਟ-ਟਾਈਮ ਕੰਮ ਕਰਨ ਵਾਲਿਆਂ ਨੂੰ ਉੱਨੀਆਂ ਸਹੂਲਤਾਂ ਨਹੀਂ ਦਿੰਦੇ ਜਿੰਨੀਆਂ ਸਹੂਲਤਾਂ ਪੂਰਾ ਸਮਾਂ ਕੰਮ ਕਰਨ ਵਾਲਿਆਂ ਨੂੰ ਮਿਲਦੀਆਂ ਹਨ।

For each student write down **one** advantage and **one** disadvantage.

Answer in **English**.

**0 7 . 1** **Kuljeet**

| Advantage | Disadvantage |
|---|---|
| | |

**[2 marks]**

**0 7 . 2** **Ravinder**

| Advantage | Disadvantage |
|---|---|
| | |

**[2 marks]**

4

Do not write outside the box

Turn over for Section B

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

## Section B

Questions and answers in **Panjabi**

Answer **all** questions in the spaces provided.

**0 8** ਹੀਰ

ਤੁਸੀਂ ਬੁੱਲ੍ਹੇ ਸ਼ਾਹ ਦੀ ਲਿਖੀ 'ਹੀਰ' ਤੋਂ ਅਪਣਾਈ ਹੋਈ ਕਵਿਤਾ ਪੜ੍ਹਦੇ ਹੋ।

ਰੱਬ ਦੀ ਪੂਜਾ ਲਈ ਲੋਕ ਮੱਕੇ ਨੂੰ ਜਾਂਦੇ,
ਮੇਰਾ ਪ੍ਰੇਮੀ, ਮੇਰਾ ਮੱਕਾ।
ਲੋਕ ਕਹਿਣ ਮੈਂ ਕਮਲੀ ਹਾਂ।
ਮੈਂ ਸਮਝਾਂ ਮੈਂ ਮੰਗੀ ਰਾਂਝੇ ਨਾਲ,
ਸੈਦਾ ਖੇੜਾ ਜੋੜੀ ਫਿਰੇ ਧੱਕਾ।
ਕੈਦੋਂ ਚਾਚਾ ਫਿਰੇ ਦਿੰਦਾ ਖਬਰਾਂ,
ਮੇਰਾ ਬਾਪੂ ਵਿਆਹ ਲਈ ਕਰਦਾ ਧੱਕਾ।
ਲੋਕ ਕਹਿਣ ਮੈਂ ਕਮਲੀ ਹਾਂ।
ਰੱਬ ਦੀ ਪੂਜਾ ਲਈ ਲੋਕ ਮੱਕੇ ਨੂੰ ਜਾਂਦੇ,
ਮੈਂ ਤਾਂ ਘਰ ਪ੍ਰੇਮੀ ਦੇ ਜਾਣਾ,
ਮੇਰਾ ਮਨ ਨਹੀਂ ਝੱਲਦਾ ਧੱਕਾ।
ਲੋਕ ਕਹਿਣ ਮੈਂ ਕਮਲੀ ਹਾਂ।

ਕਿਹੜਾ ਉੱਤਰ ਸਹੀ ਹੈ?

ਸਹੀ ਉੱਤਰ ਵਾਲਾ ਅੱਖਰ ਖਾਨੇ ਵਿੱਚ ਲਿਖੋ।

**0 8 . 1** ਇਸ ਕਵਿਤਾ ਵਿੱਚ ਲੋਕ ਹੀਰ ਨੂੰ ਕਮਲੀ ਕਿਉਂ ਕਹਿੰਦੇ ਹਨ?

| | |
|---|---|
| **A** | ਉਸ ਦਾ ਦਿਮਾਗ ਠੀਕ ਨਾ ਹੋਣ ਕਰਕੇ |
| **B** | ਲੋਕਾਂ ਵਾਂਗ ਰੱਬ ਦੀ ਪੂਜਾ ਕਰਨ ਕਰਕੇ |
| **C** | ਰੱਬ ਨਾਲੋਂ ਵੱਧ ਪ੍ਰੇਮੀ ਨਾਲ ਪਿਆਰ ਕਰਕੇ |

☐

**[1 mark]**

Do not write outside the box

**0 8 . 2** ਹੀਰ ਦਿਲੋਂ ਕਿਸ ਨੂੰ ਚਾਹੁੰਦੀ ਹੈ ?

| | |
|---|---|
| **A** | ਸੈਦੇ ਖੇੜੇ ਨੂੰ |
| **B** | ਰਾਂਝੇ ਨੂੰ |
| **C** | ਕੈਦੋਂ ਨੂੰ |

**[1 mark]**

**0 8 . 3** ਹੀਰ ਨੂੰ ਵਿਆਹ ਲਈ ਕੌਣ ਜ਼ੋਰ ਪਾ ਰਿਹਾ ਹੈ ?

| | |
|---|---|
| **A** | ਉਸ ਦਾ ਪਿਉ |
| **B** | ਸਮਾਜ ਦੇ ਲੋਕ |
| **C** | ਉਸ ਦਾ ਭਰਾ |

**[1 mark]**

**0 8 . 4** ਹੀਰ ਧਾਰਮਿਕ ਯਾਤਰਾ ਲਈ ਕਿੱਥੇ ਜਾਣਾ ਚਾਹੁੰਦੀ ਹੈ ?

| | |
|---|---|
| **A** | ਆਪਣੇ ਮਾਪਿਆਂ ਦੇ ਘਰ |
| **B** | ਆਪਣੇ ਪਿਆਰੇ ਦੇ ਘਰ |
| **C** | ਜਿੱਥੇ ਦੁਨੀਆਂ ਦੇ ਲੋਕ ਜਾਂਦੇ ਹਨ |

**[1 mark]**

4

**Turn over for the next question**

Do not write outside the box

**0 9** **ਪੜ੍ਹਾਈ ਵਿੱਚ ਮੁਸ਼ਕਲਾਂ**

ਤੁਸੀਂ ਇੱਕ ਵਿਦਿਆਰਥੀ ਦਾ ਆਪਣੀ ਪੜ੍ਹਾਈ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਬਲੌਗ ਪੜ੍ਹਦੇ ਹੋ ।

ਪਿਛਲੇ ਸਾਲ, ਮੈਂ ਇਟਲੀ ਤੋਂ ਆ ਕੇ ਇੱਕ ਨਵੇਂ ਸਕੂਲ ਵਿੱਚ ਜੀ. ਸੀ. ਐੱਸ. ਈ. ਦੀ ਪੜ੍ਹਾਈ ਸ਼ੁਰੂ ਕੀਤੀ ਸੀ । ਮੇਰੀ ਅੰਗਰੇਜ਼ੀ ਇੰਨੀ ਚੰਗੀ ਨਹੀਂ ਹੈ, ਮੈਨੂੰ ਲਗਦਾ ਹੈ ਕਿ ਮੈਂ ਸਾਰੇ ਜੀ. ਸੀ. ਐੱਸ. ਈ. ਨਹੀਂ ਕਰ ਸਕਾਂਗਾ ।

ਦੋ ਮਹੀਨੇ ਪਹਿਲਾਂ ਸਾਡਾ ਕੰਪਿਊਟਰ ਸਾਇੰਸ ਦਾ ਅਧਿਆਪਕ ਕੰਮ ਛੱਡ ਕੇ ਚਲਾ ਗਿਆ ਸੀ । ਇਸ ਕਰਕੇ ਹਰ ਰੋਜ਼ ਨਵਾਂ ਅਧਿਆਪਕ ਸਾਨੂੰ ਪੜ੍ਹਾਉਣ ਲਈ ਆ ਜਾਂਦਾ ਹੈ । ਮੈਂ ਜੀ. ਸੀ. ਐੱਸ. ਈ. ਕਰਨ ਤੋਂ ਬਾਅਦ ਹਿਸਾਬ, ਕੰਪਿਊਟਰ ਸਾਇੰਸ ਅਤੇ ਪੰਜਾਬੀ ਵਿੱਚ ਏ-ਲੈਵਲ ਕਰਨਾ ਚਾਹੁੰਦਾ ਹਾਂ । ਮੈਨੂੰ ਲਗਦਾ ਹੈ ਕਿ ਮੈਂ ਯੂਨੀਵਰਸਟੀ ਵਿੱਚ ਜਾ ਕੇ ਕੰਪਿਊਟਰ ਸਾਇੰਸ ਦੀ ਪੜ੍ਹਾਈ ਨਹੀਂ ਕਰ ਸਕਾਂਗਾ ।

ਬੀਤੇ ਸਮੇਂ ਵਿੱਚ ਕਿਹੜੀਆਂ **ਦੋ** ਮੁਸ਼ਕਲਾਂ ਸਨ ਅਤੇ ਆਉਣ ਵਾਲੇ ਸਮੇਂ ਵਿੱਚ ਕਿਹੜੀਆਂ **ਦੋ** ਮੁਸ਼ਕਲਾਂ ਹੋਣਗੀਆਂ ?

**ਪੰਜਾਬੀ** ਵਿੱਚ ਹੇਠਲੇ ਖਾਨਿਆਂ ਨੂੰ ਪੂਰਾ ਕਰੋ ।

**[4 marks]**

| ਪੁਰਾਣੀ ਮੁਸ਼ਕਲ | ਹੁਣ ਦੀ ਮੁਸ਼ਕਲ | ਆਉਣ ਵਾਲੇ ਸਮੇਂ ਦੀ ਮੁਸ਼ਕਲ |
|---|---|---|
| | ਅੰਗਰੇਜ਼ੀ ਚੰਗੀ ਨਹੀਂ | |
| | ਹਰ ਰੋਜ਼ ਨਵਾਂ ਅਧਿਆਪਕ | |

4

Do not write outside the box

**Turn over for the next question**

**DO NOT WRITE ON THIS PAGE**
**ANSWER IN THE SPACES PROVIDED**

Do not write outside the box

**1 0** **ਪੰਜਾਬੀ ਫਿਲਮਾਂ**

ਤੁਸੀਂ ਪੰਜਾਬੀ ਫਿਲਮਾਂ ਬਾਰੇ ਸੁਖਪਰੀਤ ਦਾ ਬਲੌਗ ਪੜ੍ਹਦੇ ਹੋ।

ਮੈਨੂੰ ਪੰਜਾਬੀ ਫਿਲਮਾਂ ਦੇਖਣਾ ਪਸੰਦ ਨਹੀਂ ਸੀ ਕਿਉਂਕਿ ਹਰ ਫਿਲਮ ਦੀ ਕਹਾਣੀ ਇੱਕੋ ਜਿਹੀ ਹੁੰਦੀ ਸੀ। ਪੰਜਾਬੀ ਫਿਲਮ 'ਜੀ ਆਇਆਂ ਨੂੰ' ਦੇਖਣ ਤੋਂ ਬਾਅਦ ਹੁਣ ਪੰਜਾਬੀ ਫਿਲਮਾਂ ਵਿੱਚ ਮੇਰੀ ਦਿਲਚਸਪੀ ਵਧ ਗਈ ਹੈ। ਅੱਜ ਕੱਲ੍ਹ ਪੰਜਾਬੀ ਫਿਲਮ ਉਦਯੋਗ ਕਾਫੀ ਤਰੱਕੀ ਕਰ ਰਿਹਾ ਹੈ। ਨਵੇਂ ਚਿਹਰਿਆਂ ਨੂੰ ਉਨ੍ਹਾਂ ਦੀ ਯੋਗਤਾ ਦੇ ਆਧਾਰ ਤੇ ਫਿਲਮਾਂ ਵਿੱਚ ਮੌਕਾ ਦਿੱਤਾ ਜਾ ਰਿਹਾ ਹੈ। ਖੁੱਲ੍ਹੇ ਬਜਟ ਹੋਣ ਕਰਕੇ ਫਿਲਮਾਂ ਦੇ ਦ੍ਰਿਸ਼ ਪੰਜਾਬ ਦੇ ਨਾਲ ਨਾਲ ਬਾਹਰਲੇ ਦੇਸ਼ਾਂ ਵਿੱਚ ਵੀ ਫਿਲਮਾਏ ਜਾ ਰਹੇ ਹਨ।

ਹੁਣ ਉੱਤਮ ਤਕਨੀਕੀ ਮਾਹਰ ਪੰਜਾਬੀ ਫਿਲਮਾਂ ਦੇ ਨਿਰਮਾਣ ਦਾ ਖਿਆਲ ਰੱਖਦੇ ਹਨ ਇਸ ਕਰਕੇ ਪੰਜਾਬੀ ਫਿਲਮਾਂ ਤਕਨੀਕੀ ਤੌਰ ਤੇ ਹਿੰਦੀ ਫਿਲਮਾਂ ਦੇ ਬਰਾਬਰ ਹਨ। ਪੰਜਾਬੀ ਫਿਲਮਾਂ ਵੇਖਣ ਦੇ ਪ੍ਰੇਮੀ ਸਾਰੀ ਦੁਨੀਆਂ ਵਿੱਚ ਫੈਲੇ ਹੋਏ ਹਨ। ਮਲਟੀਪਲੈਕਸ ਸਿਨਮੇ ਨੇ ਹੋਰ ਪੰਜਾਬੀ ਫਿਲਮਾਂ ਬਣਨ ਦੀਆਂ ਸੰਭਾਵਨਾਵਾਂ ਨੂੰ ਵਧਾ ਦਿੱਤਾ ਹੈ। ਸਾਨੂੰ ਸਿਰਫ ਸਿਨਮੇ ਵਿੱਚ ਹੀ ਪੰਜਾਬੀ ਫਿਲਮਾਂ ਦੇਖ ਕੇ ਪੰਜਾਬੀ ਫਿਲਮ ਇੰਡਸਟਰੀ ਦਾ ਸਾਥ ਦੇਣਾ ਚਾਹੀਦਾ ਹੈ।

ਸੁਖਪਰੀਤ

ਕਿਹੜੇ **ਚਾਰ** ਵਾਕ ਠੀਕ ਹਨ?

| | |
|---|---|
| **A** | ਪਹਿਲਾਂ ਹਰ ਪੰਜਾਬੀ ਫਿਲਮ ਦੀ ਕਹਾਣੀ ਅਲੱਗ ਹੁੰਦੀ ਸੀ। |
| **B** | ਸੁਖਪਰੀਤ ਨੂੰ ਪੰਜਾਬੀ ਫਿਲਮਾਂ ਮਨੋਰੰਜਕ ਲਗਦੀਆਂ ਹਨ। |
| **C** | ਪੰਜਾਬੀ ਫਿਲਮ ਇੰਡਸਟਰੀ ਗਿਰਾਵਟ ਵੱਲ ਜਾ ਰਹੀ ਹੈ। |
| **D** | ਨਵੇਂ ਮੁੰਡੇ-ਕੁੜੀਆਂ ਨੂੰ ਉਨ੍ਹਾਂ ਦੀ ਸ਼ਕਲ ਦੇਖ ਕੇ ਰੋਲ ਮਿਲਦਾ ਹੈ। |
| **E** | ਹੁਣ ਪੰਜਾਬੀ ਫਿਲਮਾਂ ਬਣਾਉਣ ਵਾਲਿਆਂ ਕੋਲ ਪੈਸਿਆਂ ਦੀ ਘਾਟ ਨਹੀਂ ਹੈ। |
| **F** | ਪੰਜਾਬੀ ਫਿਲਮਾਂ ਦੀ ਸ਼ੂਟਿੰਗ ਸਿਰਫ ਪੰਜਾਬ ਵਿੱਚ ਹੀ ਹੁੰਦੀ ਹੈ। |
| **G** | ਤਕਨੀਕ ਪੱਖੋਂ ਪੰਜਾਬੀ ਫਿਲਮਾਂ ਹਿੰਦੀ ਫਿਲਮਾਂ ਨਾਲੋਂ ਘੱਟ ਨਹੀਂ ਹਨ। |
| **H** | ਪੰਜਾਬੀ ਫਿਲਮਾਂ ਦੇ ਦਰਸ਼ਕ ਬਹੁਤ ਥੋੜ੍ਹੇ ਹਨ। |
| **J** | ਮਲਟੀਪਲੈਕਸ ਸਿਨਮੇ ਪੰਜਾਬੀ ਫਿਲਮਾਂ ਲਈ ਚੰਗੇ ਹਨ। |
| **K** | ਸੁਖਪਰੀਤ ਘਰੋਂ ਪੰਜਾਬੀ ਫਿਲਮਾਂ ਦੇਖਣ ਦੀ ਸਲਾਹ ਦਿੰਦੀ ਹੈ। |

ਸਹੀ ਉੱਤਰ ਵਾਲੇ ਅੱਖਰ ਖਾਨਿਆਂ ਵਿੱਚ ਲਿਖੋ।

☐ ☐ ☐ ☐

**[4 marks]**

4

Do not write outside the box

Turn over for the next question

DO NOT WRITE ON THIS PAGE
ANSWER IN THE SPACES PROVIDED

Turn over ▶

Do not write outside the box

**1 1** **ਪੰਜਾਬੀ ਗਾਇਕ**

ਤੁਸੀਂ ਪੰਜਾਬੀ ਮੈਗਜ਼ੀਨ ਵਿੱਚ ਇੱਕ ਪੰਜਾਬੀ ਗਾਇਕ ਬਾਰੇ ਆਰਟੀਕਲ ਪੜ੍ਹਦੇ ਹੋ ।

**ਪੰਜਾਬੀ ਗਾਇਕ ਅਮਨ ਸੰਧੂ**

ਅਮਨ ਸੰਧੂ ਦਾ ਜਨਮ ਪੰਜਾਬ ਦੇ ਇੱਕ ਛੋਟੇ ਜਿਹੇ ਕਸਬੇ ਵਿੱਚ ਹੋਇਆ ਸੀ । ਉਸ ਦੀ ਦਿਲ ਖਿੱਚਵੀਂ ਆਵਾਜ਼ ਨੇ ਲੋਕਾਂ ਦੇ ਮਨਾਂ ਤੇ ਜਾਦੂ ਭਰਿਆ ਅਸਰ ਕੀਤਾ । ਉਸ ਨੇ ਮੁੰਬਈ ਵਿਖੇ ਇੱਕ ਸਭਿਆਚਾਰਕ ਮੇਲੇ ਵਿੱਚ ਹਿੱਸਾ ਲਿਆ ਅਤੇ ਆਪਣੀ ਦਮਦਾਰ ਆਵਾਜ਼ ਨਾਲ ਸਰੋਤਿਆਂ ਦੇ ਦਿਲ ਜਿੱਤ ਲਏ ।

ਅਮਨ ਸੰਧੂ ਆਪਣੀ ਪਹਿਲੀ ਐਲਬਮ ਨਾਲ ਹੀ ਮਸ਼ਹੂਰ ਕਲਾਕਾਰਾਂ ਦੀ ਕਤਾਰ ਵਿੱਚ ਜਾ ਖੜ੍ਹਾ ਹੋਇਆ । ਸਰੋਤੇ ਉਸ ਦੀਆਂ ਐਲਬਮਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ ਹਨ, ਵਿਆਹਾਂ ਵਿੱਚ ਡੀ. ਜੇ. ਤੇ ਵੱਜਣ ਵਾਲੇ ਗੀਤਾਂ ਵਿੱਚ ਬਹੁਗਿਣਤੀ ਉਸਦੇ ਗੀਤਾਂ ਦੀ ਹੀ ਹੁੰਦੀ ਹੈ । ਉਸ ਦੇ ਅਨੇਕਾਂ ਗੀਤ ਵਿਦੇਸ਼ਾਂ ਵਿੱਚ ਖੂਬ ਪ੍ਰਸਿੱਧ ਹੋਏ ਹਨ ।

ਅਮਨ ਸੰਧੂ ਲੰਮਾ ਅਤੇ ਸੋਹਣੀ ਡੀਲ-ਡੌਲ ਵਾਲਾ ਇਨਸਾਨ ਹੈ । ਜਦੋਂ ਉਹ ਕੁੜਤਾ ਚਾਦਰਾ ਲਾ ਕੇ ਅਤੇ ਤੁਰ੍ਹਲੇ ਵਾਲੀ ਪੱਗ ਬੰਨ੍ਹ ਕੇ ਸਟੇਜ ਉੱਤੇ ਖੜ੍ਹਾ ਹੋ ਕੇ ਉੱਚੀ ਹੇਕ ਲਾਉਂਦਾ ਹੈ ਤਾਂ ਸਰੋਤੇ ਵਾਹ ਵਾਹ ਕਰ ਉੱਠਦੇ ਹਨ । ਅਮਨ ਸੰਧੂ ਨੇ ਦੁੱਲਾ ਭੱਟੀ, ਸੱਸੀ, ਬੋਲੀਆਂ ਅਤੇ ਲੋਕ ਗੀਤਾਂ ਨੂੰ ਵਿਲੱਖਣ ਢੰਗ ਨਾਲ ਗਾ ਕੇ ਆਪਣੀ ਅਲਹਿਦਾ ਪਛਾਣ ਬਣਾਈ ਹੈ । ਉਸ ਨੇ 35 ਸੈਕਿੰਡ ਲੰਮੀ ਹੇਕ ਲਾ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ ।

ਕਿਹੜਾ ਉੱਤਰ ਸਹੀ ਹੈ ?

ਸਹੀ ਉੱਤਰ ਵਾਲਾ ਅੱਖਰ ਖਾਨੇ ਵਿੱਚ ਲਿਖੋ ।

**1 1 . 1** ਅਮਨ ਸੰਧੂ ਦੀ ਪਹਿਲੀ ਐਲਬਮ ਕਿਵੇਂ ਰਹੀ ?

| | |
|---|---|
| **A** | ਇਹ ਫੇਲ੍ਹ ਹੋ ਗਈ ਸੀ । |
| **B** | ਇਹ ਠੀਕ-ਠਾਕ ਰਹੀ । |
| **C** | ਇਹ ਸਫਲ ਰਹੀ ਸੀ । |

**[1 mark]**

**1 1 . 2** ਵਿਦੇਸ਼ੀ ਸਰੋਤਿਆਂ ਨੇ ਅਮਨ ਸੰਧੂ ਦੀ ਗਾਇਕੀ ਨੂੰ ਕਿਵੇਂ ਲਿਆ ?

| | |
|---|---|
| **A** | ਕਾਫੀ ਪਸੰਦ ਕੀਤਾ |
| **B** | ਥੋੜ੍ਹਾ ਪਸੰਦ ਕੀਤਾ |
| **C** | ਪਸੰਦ ਨਹੀਂ ਕੀਤਾ |

**[1 mark]**

Do not write outside the box

**1 1 . 3** ਅਮਨ ਸੰਧੂ ਦਾ ਕੱਦ-ਕਾਠ ਕਿਹੋ ਜਿਹਾ ਹੈ ?

| | |
|---|---|
| **A** | ਉਹ ਇੱਕ ਪਤਲਾ ਜਿਹਾ ਇਨਸਾਨ ਹੈ। |
| **B** | ਉਹ ਤਕੜੇ ਸਰੀਰ ਵਾਲਾ ਇਨਸਾਨ ਹੈ। |
| **C** | ਉਹ ਦਰਮਿਆਨੇ ਸਰੀਰ ਵਾਲਾ ਇਨਸਾਨ ਹੈ। |

**[1 mark]**

**1 1 . 4** ਜਦੋਂ ਉਹ ਸਟੇਜ ਤੇ ਗਾਉਂਦਾ ਹੈ ਤਾਂ ਸਰੋਤਿਆਂ ਦਾ ਹੁੰਗਾਰਾ ਕਿਹੋ ਜਿਹਾ ਹੁੰਦਾ ਹੈ ?

| | |
|---|---|
| **A** | ਸਰੋਤੇ ਚੁੱਪ ਕਰਕੇ ਸੁਣਦੇ ਹਨ |
| **B** | ਸਰੋਤੇ ਗੱਲਾਂ ਕਰਦੇ ਰਹਿੰਦੇ ਹਨ |
| **C** | ਸਰੋਤੇ ਸਿਫਤਾਂ ਕਰਦੇ ਨਹੀਂ ਥੱਕਦੇ |

**[1 mark]**

**1 1 . 5** ਅਮਨ ਸੰਧੂ ਨੇ ਸਰੋਤਿਆਂ ਵਿੱਚ ਇੱਕ ਗਾਇਕ ਵਜੋਂ ਆਪਣੀ ਪਛਾਣ ਕਿਵੇਂ ਬਣਾਈ ?

| | |
|---|---|
| **A** | ਵੱਖਰੇ ਅੰਦਾਜ਼ ਨਾਲ ਗਾ ਕੇ |
| **B** | ਆਪਣੇ ਗਾਣਿਆਂ ਨਾਲ ਨੱਚ ਕੇ |
| **C** | ਭੰਗੜੇ ਵਾਲੇ ਗਾਣੇ ਗਾ ਕੇ |

**[1 mark]**

**1 1 . 6** ਅਮਨ ਸੰਧੂ ਨੇ ਦੁਨੀਆ ਵਿੱਚ ਕਿਹੜਾ ਰਿਕਾਰਡ ਸਥਾਪਿਤ ਕੀਤਾ ਹੈ ?

| | |
|---|---|
| **A** | ਸਭ ਤੋਂ ਜ਼ਿਆਦਾ ਐਲਬਮਾਂ ਕੱਢਣ ਦਾ ਰਿਕਾਰਡ |
| **B** | ਸਭ ਤੋਂ ਵੱਧ ਭੰਗੜੇ ਵਾਲੇ ਗਾਣੇ ਗਾਉਣ ਦਾ ਰਿਕਾਰਡ |
| **C** | ਇੱਕੋ ਸਾਹ ਵਿੱਚ ਲਗਾਤਾਰ ਉੱਚੀ ਆਵਾਜ਼ ਕੱਢਣ ਦਾ ਰਿਕਾਰਡ |

**[1 mark]**

6

**Turn over ▶**

Do not write outside the box

## Section C

Translation into **English**

**1 2** Your cousin's friend has shared the following post on Facebook. Your cousin asks you to translate it into **English** for him.

ਅੱਜ ਕੱਲ੍ਹ, ਮੈਂ ਬਹੁਤ ਸਖਤ ਮਿਹਨਤ ਕਰ ਰਿਹਾ ਹਾਂ ਕਿਉਂਕਿ ਸਕੂਲ ਵਿੱਚ ਮੇਰਾ ਇਹ ਆਖਰੀ ਸਾਲ ਹੈ। ਮੈਂ ਨਵਾਂ ਮੋਟਰ ਸਾਈਕਲ ਖਰੀਦਣ ਲਈ ਪੈਸੇ ਜੋੜਨ ਵਾਸਤੇ ਇੱਕ ਮਿਠਿਆਈ ਦੀ ਦੁਕਾਨ ਤੇ ਨੌਕਰੀ ਕੀਤੀ ਸੀ। ਜੇ ਮੇਰੇ ਚੰਗੇ ਨੰਬਰ ਆਏ ਤਾਂ ਅਗਲੇ ਸਾਲ ਮੈਂ ਲਾਗਲੇ ਸ਼ਹਿਰ ਦੇ ਕਾਲਜ ਵਿੱਚ ਉੱਚੀ ਵਿੱਦਿਆ ਪ੍ਰਾਪਤ ਕਰਨ ਜਾਵਾਂਗਾ।

**[9 marks]**

9

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE
ANSWER IN THE SPACES PROVIDED**

*Do not write outside the box*

| Question number | **Additional page, if required. Write the question numbers in the left-hand margin.** |
| --- | --- |
| | |

*Do not write outside the box*

| Question number | **Additional page, if required. Write the question numbers in the left-hand margin.** |
|---|---|
| | |

Do not write outside the box

| Question number | **Additional page, if required. Write the question numbers in the left-hand margin.** |
| --- | --- |
| | |

*Do not write outside the box*

| Question number | **Additional page, if required. Write the question numbers in the left-hand margin.** |
|---|---|

*Do not write outside the box*

| Question number | **Additional page, if required.**<br>**Write the question numbers in the left-hand margin.** |
| --- | --- |

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2021 AQA and its licensors. All rights reserved.